25108
26/9/18

# ਗਰੇਟਰ ਮੋਹਾਲੀ ਏਰੀਆ ਡਿਵੈੱਲਪਮੈਂਟ ਅਥਾਰਟੀ

## ਪੁੱਡਾ ਭਵਨ, ਸੈਕਟਰ-62, ਐੱਸ.ਏ.ਐੱਸ. ਨਗਰ

GMADA

### ਦਫਤਰੀ ਹੁਕਮ

ਪਲਾਟ ਨੰ: ਸੀ-81, ਫੇਜ-6, ਇੰਡਸਟਰੀਅਲ ਏਰੀਆ, ਐਸ.ਏ.ਐਸ.ਨਗਰ ਦੀ ਅੱਲਾਟਮੈਂਟ ਇਸ ਦਫ਼ਤਰ ਦੇ ਪੱਤਰ ਨੰ: 17784 ਮਿਤੀ 11-08-2005 ਰਾਹੀ ਕੀਤੀ ਗਈ ਸੀ। ਅਲਾਟਮੈਂਟ ਪੱਤਰ ਦੀਆਂ ਸ਼ਰਤਾਂ ਅਨੁਸਾਰ ਇਹ ਪਲਾਟ ਉਦਯੋਗਿਕ ਮੰਤਵ ਲਈ ਵਰਤਿਆ ਜਾਣਾ ਸੀ । ਆਪ ਪੰਜਾਬ ਰਿਜਨਲ ਐਂਡ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਅਧੀਨ ਬਣੇ ਰੂਲ/ਰੈਗੂਲੇਸਨਜ ਨੂੰ ਮੰਨਣ ਦੇ ਪਾਬੰਦ ਸੀ ਪ੍ਰੰਤੂ ਫੀਲਡ ਸਟਾਫ ਦੀ ਰਿਪੋਰਟ ਅਨੁਸਾਰ ਆਪ ਵੱਲੋਂ ਹੇਠ ਲਿਖੇ ਅਨੁਸਾਰ ਅਲਾਟਮੈਂਟ ਪੱਤਰ ਦੀਆਂ ਸਰਤਾ ਦੀ ਉਲੰਘਣਾ ਕੀਤੀ ਜਾ ਰਹੀ ਹੈ:-

1. ਬੈਕ ਗੇਟ ਰੱਖਿਆ ਹੋਇਆ, ਬੰਦ ਕੀਤਾ ਜਾਵੇ।
2. ਅਣ-ਅਧਿਕਾਰਤ ਤੌਰ ਤੇ ਬੈਕ ਸਾਈਡ ਤੇ 7 ਦੁਕਾਨਾਂ ਬਣਾ ਕੇ ਕਮਰਸੀਅਲ ਕਾਰੋਬਾਰ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਅਲਾਟੀ ਨੂੰ ਇਸ ਦਫਤਰ ਦੇ ਪੱਤਰ ਨੰ: 20724 ਮਿਤੀ 08-05-2012 ਅਤੇ 30907 ਮਿਤੀ 30-07-2012 ਰਾਹੀ ਸੋ ਕਾਜ ਨੋਟਿਸ ਜਾਰੀ ਕੀਤੇ ਗਏ ਸੀ ਜਿਸ ਦੇ ਸਬੰਧ ਵਿਚ ਪ੍ਰਾਪਤ ਹੋਇਆ ਜਵਾਬ ਤਸੱਲੀਬਖਸ ਨਹੀ ਪਾਇਆ ਗਿਆ। ਇਸ ਉਪਰੰਤ ਅਲਾਟੀ ਨੂੰ ਮਿਤੀ 04-12-2012, 19-02-2013, 17-11-2016, 13-12-2016 ਅਤੇ ਮਿਤੀ 20-09-2018 ਨੂੰ ਨਿੱਜੀ ਸੁਣਵਾਈ ਦੇ ਮੌਕੇ ਦਿੱਤੇ ਗਏ ਪ੍ਰੰਤੂ ਆਪ ਦਫਤਰ ਹਾਜਰ ਨਹੀਂ ਅਤੇ ਨਾ ਹੀ ਆਪ ਦਾ ਕੋਈ ਨੁਮਾਇੰਦਾ ਦਫਤਰ ਹਾਜਰ ਹੋਇਆ ਅਤੇ ਨਾ ਹੀ ਲਿਖਤੀ ਰੂਪ ਵਿੱਚ ਜਵਾਬ ਦਿੱਤਾ ਗਿਆ। ਜਾਪਦਾ ਹੈ ਕਿ ਆਪ ਪਲਾਟ ਵਿਚੋਂ ਅਣਅਧਿਕਾਰਤ ਉਸਾਰੀ ਖਤਮ ਨਹੀਂ ਕਰਨਾ ਚਾਹੁੰਦਾ।

ਉਪਰੋਕਤ ਤੱਥਾਂ ਦੇ ਮੱਦੇ ਨਜਰ ਮੈ ਮਹੇਸ਼ ਬਾਂਸਲ ਮਿਲਖ ਅਫਸਰ(ਹ) ਗਮਾਡਾ, ਐਸ.ਏ.ਐਸ ਨਗਰ ਪੰਜਾਬ ਰਿਜਨਲ ਟਾਊਨ ਪਲੈਨਿੰਗ ਐਕਟ 1995 ਦੀ ਧਾਰਾ 45 (3) ਅਧੀਨ ਪਲਾਟ ਨੰ. ਸੀ-81, ਫੇਜ-6, ਇੰਡਸਟਰੀਅਲ ਏਰੀਆ ਐਸ.ਏ.ਐਸ ਨਗਰ ਦੀ ਅਲਾਟਮੈਂਟ ਮਨਸੂਖ ਕਰਕੇ ਕੁੱਲ consideration money ਸਮੇਤ ਵਿਆਜ/ਪਨੈਲਟੀ ਆਦਿ ਦੇ 10% ਹਿੱਸਾ ਗਮਾਡਾ ਦੇ ਹੱਕ ਵਿੱਚ ਜਬਤ ਕਰਨ ਦੇ ਹੁਕਮ ਦਿੰਦਾ ਹਾਂ।

ਮਿਤੀ: 21-09-2018
ਸਥਾਨ: ਐਸ.ਏ.ਐਸ.ਨਗਰ।

ਮਹੇਸ਼ ਬਾਂਸਲ
ਮਿਲਖ ਅਫਸਰ(ਹਾਊਸਿੰਗ),
ਗਮਾਡਾ, ਐਸ.ਏ.ਐਸ.ਨਗਰ।

ਪਿੱਠ ਅੰਕਣ ਨੰ:ਮਿ:ਅ:(ਹ)/ਗਮਾਡਾ/2017/ 42764
ਮਿਤੀ: 21-09-18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) Smt. Bhupinder Kaur W/o Sh. Dharam Singh, Smt. Kulwinder Kaur W/o Sh. Sher Singh & Sh. Surinder Singh S/o Sh. Prem Singh, Plot No. C-81, Phase-6, Industrial Area, SAS Nagar.

2) ਜੀ.ਐਮ.(ਆਈ.ਟੀ.ਐਂਡ ਸੀ), ਗਮਾਡਾ, ਐਸ.ਏ.ਐਸ.ਨਗਰ।

3) ਸੀਨੀਅਰ ਲਾਅ ਅਫਸਰ, ਗਮਾਡਾ, ਐਸ.ਏ.ਐਸ.ਨਗਰ।

4) ਲੇਖਾ ਅਫਸਰ(ਆਰ) ਦਫਤਰ ਮਿਲਖ ਅਫਸਰ, ਗਮਾਡਾ, ਐਸ.ਏ.ਐਸ.ਨਗਰ।

ਮਿਲਖ ਅਫਸਰ(ਹਾਊਸਿੰਗ),
ਗਮਾਡਾ, ਐਸ.ਏ.ਐਸ.ਨਗਰ